# ਭੂਮਿਕਾ





**ਰਾਈਟ ਆਨਰੇਬਲ ਐਲੈਕਸ ਸਾਲਮੰਡ MSP MP**
ਫ਼ਰਸਟ ਮਿਨਿਸਟਰ ਆਫ਼ ਸਕੋਟਲੈਂਡ

ਸਕੋਟਿਸ਼ ਗਵਰਨਮੈਂਟ ਵਿੱਚ ਅਸੀਂ ਸਕੋਟਲੈਂਡ ਦੇ ਭਵਿੱਖ ਲਈ ਅਭਿਲਾਸ਼ੀ ਹਾਂ। ਸਾਡਾ ਇਹ ਵੀ ਵਿਸ਼ਵਾਸ ਹੈ ਕਿ ਸਾਡੇ ਦੇਸ਼ ਵਿੱਚ ਪ੍ਰਭੁਸੱਤਾ ਇਸਦੇ ਲੋਕਾਂ ਦੇ ਕੋਲ ਹੈ। ਪ੍ਰਭੁਸੱਤਾ-ਸੰਪੰਨ ਲੋਕਾਂ ਦੇ ਰੂਪ ਵਿੱਚ ਸਕੋਟਲੈਂਡ ਦੇ ਲੋਕਾਂ ਨੂੰ - ਅਤੇ ਸਿਰਫ਼ ਸਾਨੂੰ - ਇਹ ਫ਼ੈਸਲੇ ਲੈਣ ਦਾ ਹੱਕ ਹੈ ਕਿ ਸਾਡੇ ਤੇ ਰਾਜ ਕਿਵੇਂ ਕੀਤਾ ਜਾਵੇ।

ਇਹੀ ਕਾਰਨ ਹੈ ਕਿ ਇਸ ਸਾਲ ਸਕੋਟਿਸ਼ ਪਾਰਲੀਆਮੈਂਟਰੀ ਚੋਣਾਂ ਲਈ ਸਾਡੇ ਚੋਣ ਘੋਸ਼ਣਾ-ਪੱਤਰ ਵਿੱਚ ਇਸ ਪਾਰਲੀਆਮੈਂਟ ਦੇ ਦੌਰਾਨ ਇੱਕ ਰੈਫ਼ਰੇਂਡਮ ਵਿੱਚ ਲੋਕਾਂ ਨੂੰ ਸਕੋਟਿਸ਼ ਸੁਤੰਤਰਤਾ ਦੀ ਧਾਰਨਾ ’ਤੇ ਵਿਚਾਰ ਕਰਨ ਦਾ ਇੱਕ ਮੌਕਾ ਦੇਣ ਦਾ ਵਾਦਾ ਕੀਤਾ ਗਿਆ ਹੈ।

ਉਹਨਾਂ ਚੋਣਾਂ ਵਿੱਚ, ਲੋਕਾਂ ਨੇ ਸਾਫ਼ ਤੌਰ ’ਤੇ ਸਕੋਟਲੈਂਡ ਵਿੱਚ ਆਪਣੇ-ਆਪ ’ਤੇ ਰਾਜ ਕਰਨ ਦੇ ਢੰਗ ਨੂੰ ਅੱਗੇ ਹੋਰ ਵਿਕਸਿਤ ਕਰਨ ਲਈ ਵੋਟਾਂ ਪਾਈਆਂ। ਗਵਰਨਮੈਂਟ ਵਿੱਚ, ਸਾਡਾ ਵਿਸ਼ਵਾਸ ਹੈ ਕਿ ਸੁਤੰਤਰਤਾ ਸਾਡੇ ਦੇਸ਼ ਲਈ ਸਭ ਤੋਂ ਸਹੀ ਹੋਵੇਗੀ। ਦੂਸਰੇ ਲੋਕ ਜ਼ੁੰਮੇਵਾਰੀਆਂ ਦੀ ਵਧੇਰੇ ਸਪੁਰਦਗੀ, ਜਾਂ ਕਰਾਂ ਅਤੇ ਖ਼ਰਚੇ ਲਈ ਵਧੇਰੇ ਜ਼ੁੰਮੇਵਾਰੀ, ਜਾਂ ਸੰਘਵਾਦ ਦਾ ਸਮਰਥਨ ਕਰਦੇ ਹਨ। ਪਰ ਰਾਜਨੀਤਿਕ ਦਲਾਂ ਦੇ ਵਿੱਚ ਜੋ ਵੀ ਮਤਭੇਦ ਹੋਣ, ਚੋਣਾਂ ਦਾ ਸੰਦੇਸ਼ ਸਾਫ਼ ਸੀ - ਸਕੋਟਲੈਂਡ ਦੀ ਸੰਵਧਾਨਿਕ ਸਥਿਤੀ ਨੂੰ ਅੱਗੇ ਜ਼ਰੂਰ ਵਧਾਉਣਾ ਚਾਹੀਦਾ ਹੈ।

ਨੋਰਦਰਨ ਆਇਰਲੈਂਡ ਅਤੇ ਵੇਲਜ਼ ਵਿੱਚ ਹਾਲ ਹੀ ਵਿੱਚ ਇਤਿਹਾਸਕ ਸੰਵਧਾਨਿਕ ਤਬਦੀਲੀਆਂ ਵੀ ਹੋਈਆਂ ਹਨ, ਜਿਸ ਵਿੱਚ ਗਵਰਨਮੈਂਟ ਵਿੱਚ ਨਵੀਂ ਪਾਰਟੀਆਂ ਆਈਆਂ ਹਨ ਅਤੇ ਨਵੀਆਂ ਜ਼ੁੰਮੇਵਾਰੀਆਂ ਸਪੁਰਦ ਕੀਤੀਆਂ ਗਈਆਂ ਹਨ। ਯੂਨਾਈਟਿਡ ਕਿੰਗਡਮ ਗਵਰਨਮੈਂਟ ਨੇ ਬ੍ਰਿਟੇਨ ਦੇ ਪ੍ਰਸ਼ਾਸਨ ਬਾਰੇ ਹੁਣ ਇੱਕ ਵਿਚਾਰ-ਵਟਾਂਦਰਾ ਪੱਤਰ ਪ੍ਰਕਾਸ਼ਿਤ ਕੀਤਾ ਹੈ।

ਸਕੋਟਲੈਂਡ ਦੇ ਫ਼ਰਸਟ ਮਿਨਿਸਟਰ ਦੇ ਰੂਪ ਵਿੱਚ, ਸੰਵਧਾਨਿਕ ਤਬਦੀਲੀ ਲਈ ਵਿਕਲਪਾਂ ’ਤੇ ਖੋਜ ਕਰਨਾ ਅਤੇ ਗੱਲਬਾਤ ਦੀ ਅਗਵਾਈ ਕਰਨਾ ਮੇਰੀ ਜ਼ੁੰਮੇਵਾਰੀ ਹੈ। ਮੈਂ ਅਧਿਕਾਰਾਂ ਦੀ ਸਪੁਰਦਗੀ ਹਾਸਲ ਕੀਤੇ ਸਕੋਟਲੈਂਡ ਵਿੱਚ ਨਿਰਵਾਚਿਤ ਕੀਤੀ ਜਾਣ ਵਾਲੀ ਪਹਿਲੀ ਸਕੋਟਿਸ਼ ਨੈਸ਼ਨਲ ਪਾਰਟੀ ਗਵਰਨਮੈਂਟ ਦੀ ਅਗਵਾਈ ਕਰਦਾ ਹਾਂ, ਇਸ ਲਈ ਮੈਂ ਸੁਤੰਤਰਤਾ, ਇਸਦੇ ਲਾਭਾਂ ਅਤੇ ਮੌਕਿਆਂ ਲਈ ਦਲੀਲ ਪੇਸ਼ ਕਰਾਂਗਾ। ਪਰ, ਮੈਂ ਇਹ ਵੀ ਮੰਨਦਾ ਹਾਂ ਕਿ ਸਾਡੇ ਦੇਸ਼ ਵਿੱਚ ਬਹੁਤ ਸਾਰੇ ਦੂਸਰੇ ਵਿਚਾਰ ਵੀ ਹਨ, ਅਤੇ ਪਾਰਲੀਆਮੈਂਟ ਵਿੱਚ ਉਹਨਾਂ ਦੀ ਪ੍ਰਤਿਨਿਧਤਾ ਕੀਤੀ ਜਾਂਦੀ ਹੈ।

ਸਕੋਟਲੈਂਡ ਦੀ ਯੂਨਾਈਟਿਡ ਕਿੰਗਡਮ ਦੇ ਦੂਜੇ ਰਾਸ਼ਟਰਾਂ ਦੇ ਨਾਲ ਲੰਬੇ ਸਮੇਂ ਤੋਂ ਚਲਦੀ ਆ ਰਹੀ ਏਕਤਾ, 1603 ਦੇ ਯੂਨੀਅਨ ਆਫ਼ ਦਿ ਕ੍ਰਾਊਂਸ (Union of the Crowns) ਅਤੇ 1707 ਅਤੇ 1801 ਦੇ ਐਕਟਸ ਆਫ਼ ਯੂਨੀਅਨ (Acts of Union) ’ਤੇ ਅਧਾਰਤ ਹੈ। ਆਇਰਲੈਂਡ ਦੇ ਨਾਲ 1801 ਯੂਨੀਅਨ (1801 Union) ਵਿੱਚ ਪਹਿਲਾਂ ਤੋਂ ਹੀ ਕਾਫ਼ੀ ਜ਼ਿਆਦਾ ਤਬਦੀਲੀ ਹੋ ਗਈ ਹੈ। ਸਕੋਟਲੈਂਡ ਵਿੱਚ ਰਾਜਨੀਤਿਕ ਬਹਿਸ 1707 ਦੀ ਰਾਜਨੀਤਿਕ ਯੂਨੀਅਨ ਨਾਲ ਸੰਬੰਧਿਤ ਹੈ, ਜਿਸ ਵਿੱਚ ਸੰਸ਼ੋਧਨ ਜਾਂ ਉਸਨੂੰ ਰੱਦ ਕੀਤੇ ਜਾਣ ਨਾਲ ਵੀ ਯੂਨੀਅਨ ਆਫ਼ ਦਿ ਕ੍ਰਾਊਂਸ ਸੁਰੱਖਿਅਤ ਰਹੇਗਾ।

ਇਸ ਲਈ ਮੈਂ ਪ੍ਰਸਤਾਵ ਦਿੰਦਾ ਹਾਂ ਕਿ ਅਸੀਂ ਆਪਣੇ ਭਵਿੱਖ ਬਾਰੇ ਰਾਸ਼ਟਰੀ ਵਾਰਤਾਲਾਪ ਕਰੀਏ ਜਿਸ ਨਾਲ ਸਕੋਟਲੈਂਡ ਦੇ ਲੋਕ ਗਵਰਨਮੈਂਟ ਦੀ ਉਸ ਕਿਸਮ, ਜੋ ਭਵਿੱਖ ਲਈ ਸਾਨੂੰ ਸਭ ਤੋਂ ਚੰਗੀ ਤਰ੍ਹਾਂ ਨਾਲ ਤਿਆਰ ਕਰੇ, ’ਤੇ ਬਹਿਸ, ਚਿੰਤਨ ਅਤੇ ਫੇਰ ਫ਼ੈਸਲਾ ਕਰ ਸਕਣ। ਇਹ ਪੱਤਰ ਉਸ ਵਾਰਤਾਲਾਪ ਲਈ ਸ਼ੁਰੁਆਤੀ ਬਿੰਦੂ ਅਤੇ ਪ੍ਰੇਰਣਾ ਦੇ ਉਦੇਸ਼ ਨਾਲ ਹੈ। ਇਸ ਵਿੱਚ ਉਹਨਾਂ ਖੇਤਰਾਂ ਦੀ ਛਾਣਬੀਨ ਕੀਤੀ ਗਈ ਹੈ ਜਿਸ ਵਿੱਚ ਸਕੋਟਲੈਂਡ ਹੋਰ ਜ਼ੁੰਮੇਵਾਰੀਆਂ ਲੈ ਸਕਦਾ ਹੈ - ਜਿਵੇਂ ਕਿ ਰੁਜ਼ਗਾਰ, ਸਾਡਾ ਰਾਸ਼ਟਰੀ ਵਿੱਤ, ਜਾਂ ਜਨਤਕ ਸੁਰੱਖਿਆ ’ਤੇ ਕਾਨੂੰਨ, ਜਿਵੇਂ ਕਿ ਬੰਦੂਕਾਂ - ਨਾਲ ਹੀ ਸੁਤੰਤਰਤਾ ਦੀ ਧਾਰਨਾ, ਅਤੇ ਬ੍ਰਿਟੇਨ ਵਿੱਚ ਵਿਸਤ੍ਰਿਤ ਸੰਵਧਾਨਿਕ ਤਬਦੀਲੀ।

ਸਕੋਟਿਸ਼ ਪਾਰਲੀਆਮੈਂਟ ਨੂੰ ਸਥਾਪਿਤ ਕਰਨ ਲਈ ਰੈਫ਼ਰੇਂਡਮ ਦੇ ਬਾਅਦ ਹੁਣ ਦੱਸ ਸਾਲ ਬੀਤ ਚੁੱਕੇ ਹਨ। ਅਸੀਂ ਆਪਣੇ ਲੋਕਾਂ ਦੀਆਂ ਇੱਛਾਵਾਂ ਅਤੇ ਲੋੜਾਂ ਦੇ ਪ੍ਰਤਿ ਪ੍ਰਤਿਕ੍ਰਿਆ ਦਿਖਾਉਣ ਦੀ ਇਸ ਦੇਸ਼ ਦੀ ਸਮਰੱਥਾ ਦੇਖੀ ਹੈ। ਪਰ ਅਸੀਂ ਇਸਦੀਆਂ ਵਰਤਮਾਨ ਜ਼ੁੰਮੇਵਾਰੀਆਂ ਦੀਆਂ ਸੀਮਾਵਾਂ ਵੀ ਦੇਖੀਆਂ ਹਨ। ਮੇਰਾ ਵਿਸ਼ਵਾਸ ਹੈ ਕਿ ਹੁਣ ਸਾਡੇ, ਸਕੋਟਲੈਂਡ ਦੇ ਲੋਕਾਂ, ਲਈ ਸਮਾਂ ਆ ਗਿਆ ਹੈ ਕਿ ਅਸੀਂ ਆਧੁਨਿਕ ਦੁਨੀਆਂ ਵਿੱਚ ਸਾਡੇ ਖ਼ੁਦ ਦੇ ਭਵਿੱਖ ’ਤੇ ਵਿਚਾਰ ਕਰੀਏ ਅਤੇ ਉਸਦੀ ਚੋਣ ਕਰੀਏ।



# ਸਾਰ



ਸਕੋਟਲੈਂਡ ਐਕਟ 1998 ਦੇ ਅਧੀਨ ਸਕੋਟਿਸ਼ ਪਾਰਲੀਆਮੈਂਟ ਦੀ ਸਥਾਪਨਾ ਨੇ ਸਕੋਟਲੈਂਡ ਦੇ ਲੋਕਾਂ ਨੂੰ ਸਕੋਟਲੈਂਡ ਵਿੱਚ ਪਹਿਲਾਂ ਤੋਂ ਹੀ ਚਲਾਏ ਜਾ ਰਹੇ ਬਹੁਤ ਸਾਰੇ ਸਰਕਾਰੀ ਕੰਮਾਂ ਵਿੱਚ ਫ਼ੈਸਲਿਆਂ ਵਿੱਚ ਇੱਕ ਪ੍ਰਤੱਖ ਲੋਕਤੰਤਰੀ ਅਧਿਕਾਰ ਦਿੱਤਾ। ਅਧਿਕਾਰਾਂ ਦੀ ਸਪੁਰਦਗੀ ਦੀ ਪ੍ਰਬੰਧ ਵਿੱਚ ਸਪਸ਼ਟ ਰੂਪ ਨਾਲ ਸਵੀਕਾਰ ਕੀਤਾ ਗਿਆ ਕਿ 1999 ਵਿੱਚ ਸਕੋਟਿਸ਼ ਪਾਰਲੀਆਮੈਂਟ ਅਤੇ ਸਕੋਟਿਸ਼ ਸਰਕਾਰ ਨੂੰ ਦਿੱਤੀ ਗਈ ਜ਼ੁੰਮੇਵਾਰੀਆਂ ਵਿੱਚ ਤਬਦੀਲੀ ਕੀਤਾ ਜਾ ਸਕਦਾ ਹੈ, ਅਤੇ ਅਧਿਕਾਰਾਂ ਦੀ ਵਧੇਰੇ ਸਪੁਰਦਗੀ ਨੂੰ ਸੰਭਵ ਬਣਾਉਣ ਲਈ ਅਧਿਨਿਯਮ ਵਿੱਚ ਮਹੱਤਵਪੂਰਨ ਪ੍ਰਣਾਲੀਆਂ ਸ਼ਾਮਲ ਕੀਤੀਆਂ ਗਈਆਂ ਸਨ।

ਇਸ ਸਮੇਂ ਮਹੱਤਵਪੂਰਨ ਅਧਿਕਾਰ ਯੂਨਾਈਟਿਡ ਕਿੰਗਡਮ ਪਾਰਲੀਆਮੈਂਟ ਅਤੇ ਯੂਨਾਈਟਿਡ ਕਿੰਗਡਮ ਗਵਰਨਮੈਂਟ ਦੇ ਕੋਲ ਰਾਖਵੇਂ ਹਨ। ਇਹਨਾਂ ਮਹੱਤਵਪੂਰਨ ਖੇਤਰਾਂ ਵਿੱਚ ਅਧਿਕਾਰਾਂ ਦੀ ਵਧੇਰੇ ਸਪੁਰਦਗੀ ਨਾਲ ਸਕੋਟਿਸ਼ ਪਾਰਲੀਆਮੈਂਟ ਅਤੇ ਸਕੋਟਿਸ਼ ਗਵਰਨਮੈਂਟ, ਸਕੋਟਲੈਂਡ ਦੇ ਹਿਤ ਵਿੱਚ ਅਤੇ ਸਕੋਟਲੈਂਡ ਦੇ ਲੋਕਾਂ ਦੇ ਵਿਚਾਰਾਂ ਨੂੰ ਪ੍ਰਤੀਬਿੰਬਤ ਕਰਦੇ ਹੋਏ, ਇਹਨਾਂ ਮੁੱਦਿਆਂ ’ਤੇ ਆਪਣੇ ਖ਼ੁਦ ਦੇ ਫ਼ੈਸਲੇ ਲੈ ਸਕਣਗੇ। ਕੁਝ ਖੇਤਰਾਂ ਵਿੱਚ, ਅਧਿਕਾਰਾਂ ਦੀ ਵਧੇਰੇ ਸਪੁਰਦਗੀ ਨਾਲ ਫ਼ੈਸਲਾ-ਪ੍ਰਕ੍ਰਿਆ ਵਿੱਚ ਵਧੇਰੇ ਇਕਸਾਰਤਾ ਅਤੇ ਨੀਤੀ ਬਣਾਉਣ ਲਈ ਲੋਕਤੰਤਰੀ ਜਵਾਬਦੇਹੀ ਵੀ ਮਿਲ ਸਕਦੀ ਹੈ।

ਅਧਿਕਾਰਾਂ ਦੀ ਵਧੇਰੇ ਸਪੁਰਦਗੀ ਤੋਂ ਅੱਗੇ ਨਿਕਲ ਕੇ ਸੁਤੰਤਰਤਾ ਤਕ ਜਾਣ ਵਿੱਚ, ਸਕੋਟਲੈਂਡ ਲਈ ਕਾਨੂੰਨ ਬਣਾਉਣ ਦੇ ਯੂਨਾਈਟਿਡ ਕਿੰਗਡਮ ਪਾਰਲੀਆਮੈਂਟ ਦੇ ਅਧਿਕਾਰਾਂ, ਅਤੇ ਸਕੋਟਲੈਂਡ ਦੇ ਸੰਬੰਧ ਵਿੱਚ ਕਾਰਜਕਾਰੀ ਅਧਿਕਾਰਾਂ ਦਾ ਪ੍ਰਯੋਗ ਕਰਨ ਦੀ ਯੂਨਾਈਟਿਡ ਕਿੰਗਡਮ ਮਿਨਿਸਟਰਾਂ ਦੀ ਯੋਗਤਾ ਨੂੰ ਸਮਾਪਤ ਕਰਨਾ ਸ਼ਾਮਲ ਹੋਵੇਗਾ। ਸਕੋਟਲੈਂਡ ਐਕਟ ਵਿੱਚ ਬਾਕੀ ਦੇ ਰਾਖਵੇਂ ਅਧਿਕਾਰ ਸਮਾਪਤ ਹੋ ਜਾਣਗੇ, ਅਤੇ ਹਰ ਜਗ੍ਹਾ ਸੁਤੰਤਰ ਰਾਜਾਂ ਦੀ ਤਰ੍ਹਾਂ ਸਕੋਟਿਸ਼ ਪਾਰਲੀਆਮੈਂਟ ਅਤੇ ਸਕੋਟਿਸ਼ ਗਵਰਨਮੈਂਟ ਹਰ ਘਰੇਲੂ ਅਤੇ ਅੰਤਰਰਾਸ਼ਟਰੀ ਨੀਤੀ ਲਈ ਜ਼ੁੰਮੇਵਾਰੀ ਹਾਸਲ ਕਰ ਲਵੇਗੀ, ਪਰ ਇਸ ’ਤੇ ਯੂਰੋਪਿਅਨ ਯੂਨੀਅਨ ਟ੍ਰੀਟੀਆਂ ਦੇ ਪ੍ਰਾਵਧਾਨ ਅਤੇ ਦੂਜੀਆਂ ਪੈਦਾ ਹੋਈਆਂ ਸੰਧੀ ਬੰਦਸ਼ਾਂ ਲਾਗੂ ਹੋਣਗੀਆਂ।

ਯੂਨਾਈਟਿਡ ਕਿੰਗਡਮ ਦੇ ਸੰਵਿਧਾਨ ਦੀ ਪ੍ਰਕ੍ਰਿਤੀ ਬਦਲ ਰਹੀ ਹੈ। ਵੇਲਜ਼ ਅਤੇ ਨੋਰਦਰਨ ਆਇਰਲੈਂਡ ਵਿੱਚ ਇਤਿਹਾਸਕ ਤਬਦੀਲੀਆਂ ਹੋਈਆਂ ਹਨ, ਅਤੇ ਯੂਨਾਈਟਿਡ ਕਿੰਗਡਮ ਦੀ ਹਕੂਮਤ ਨੂੰ ਅੱਗੇ ਵਿਕਸਿਤ ਕਰਨ ਲਈ ਯੂਨਾਈਟਿਡ ਕਿੰਗਡਮ ਗਵਰਨਮੈਂਟ ਨੇ ਪ੍ਰਸਤਾਵ ਪ੍ਰਕਾਸ਼ਿਤ ਦਿੱਤੇ ਹਨ। ਚਾਹੇ ਯੂਨਾਈਟਿਡ ਕਿੰਗਡਮ ਵਿੱਚ ਹੋਵੇ ਜਾਂ ਸੁਤੰਤਰ, ਸਕੋਟਲੈਂਡ ਨੂੰ ਸਾਡੇ ਗੁਆਂਢੀਆਂ ਦੇ ਨਾਲ ਮੁੱਖ ਭੂਮਿਕਾ ਨਿਭਾਉਣਾ ਜਾਰੀ ਰੱਖਣੀ ਚਾਹੀਦੀ ਹੈ ਅਤੇ ਵਰਤਮਾਨ ਪੂਰੇ ਯੂਨਾਈਟਿਡ ਕਿੰਗਡਮ ਦੀ ਸਰਕਾਰਾਂ ਦੇ ਅੰਦਰ ਅਤੇ ਰਿਪਬਲਿਕ ਆਫ਼ ਆਇਰਲੈਂਡ ਦੇ ਨਾਲ ਸੰਯੁਕਤ ਕੰਮ ਲਈ ਪ੍ਰਣਾਲੀਆਂ ਵਿੱਚ ਸੁਧਾਰ ਲਿਆਉਣ ਦਾ ਮੌਕਾ ਪ੍ਰਾਪਤ ਕਰਨਾ ਚਾਹੀਦਾ ਹੈ।

ਅਧਿਕਾਰਾਂ ਦੀ ਵਧੇਰੇ ਸਪੁਰਦਗੀ ਜਾਂ ਸੁਤੰਤਰਤਾ ਲਈ, ਸੰਭਾਵਿਤ ਤੌਰ ’ਤੇ ਵੈਸਟਮਿੰਸਟਰ ਅਤੇ ਹੋਲੀਰੂਡ, ਦੋਨਾਂ ਵਿੱਚ ਕਾਨੂੰਨ ਬਣਾਉਣ ਦੀ ਲੋੜ ਹੋਵੇਗੀ। ਵਿਵਾਦਿਤ ਰੂਪ ਵਿੱਚ ਅਧਿਕਾਰਾਂ ਦੀ ਵਧੇਰੇ ਸਪੁਰਦਗੀ ਲਈ, ਅਤੇ ਨਿਸ਼ਚਿਤ ਰੂਪ ਵਿੱਚ ਸੁਤੰਤਰਤਾ ਲਈ, ਇੱਕ ਰੈਫ਼ਰੇਂਡਮ ਦੇ ਮਾਧਿਅਮ ਨਾਲ ਸਕੋਟਿਸ਼ ਲੋਕਾਂ ਦੀ ਸਹਿਮਤੀ ਦੀ ਲੋੜ ਹੋਵੇਗੀ। ਸੰਵਧਾਨਿਕ ਰੂਪ ਵਿੱਚ ਪਾਬੰਦ ਨਾ ਹੁੰਦੇ ਹੋਏ, ਅਜਿਹੇ ਮਤਦਾਨ ਨੂੰ ਸਕੋਟਲੈਂਡ ਦਾ ਸੰਵਧਾਨਿਕ ਭਵਿੱਖ ਨਿਸ਼ਚਿਤ ਕਰਨ ਦਾ ਸਹੀ ਢੰਗ ਸਵੀਕਾਰ ਕੀਤਾ ਗਿਆ ਹੈ। ਇਸ ਲਈ ਅਜਿਹੇ ਮਤਦਾਨ ਲਈ ਕਾਨੂੰਨ ਦੇ ਉਚਿਤ ਰੂਪਾਂ ’ਤੇ, ਅਤੇ ਇਸ ਪ੍ਰਸ਼ਨ ’ਤੇ ਉਚਿਤ ਢੰਗ ਨਾਲ ਵਿਚਾਰ ਕੀਤਾ ਜਾਣਾ ਚਾਹੀਦਾ ਹੈ ਕਿ ਸਕੋਟਿਸ਼ ਪਾਰਲੀਆਮੈਂਟ ਦੁਆਰਾ ਇੱਕ ਰੈਫ਼ਰੇਂਡਮ ਨੂੰ ਕਿਵੇਂ ਸ਼ੁਰੂ ਕੀਤਾ ਜਾ ਸਕਦਾ ਹੈ।

ਸਕੋਟਿਸ਼ ਗਵਰਨਮੈਂਟ ਦੇ ਵਿਚਾਰ ਨਾਲ ਤਿੰਨ ਵਾਸਤਵਿਕ ਚੋਣਾਂ ਮੌਜੂਦ ਹਨ। ਪਹਿਲੀ, ਸਕੋਟਲੈਂਡ ਐਕਟ 1998 ਦੁਆਰਾ ਨਿਸ਼ਚਿਤ ਕੀਤੀਆਂ ਗਈਆਂ ਸ਼ਕਤੀਆਂ ਦੀ ਸਪੁਰਦਗੀ ਦੀ ਯੋਜਨਾ ਨੂੰ ਬਣਾਏ ਰੱਖਣਾ, ਜਿਸ ਵਿੱਚ ਸ਼ਕਤੀਆਂ ਦੇ ਵਧੇਰੇ ਵਿਕਾਸ ਦੀ ਸੰਭਾਵਨਾ ਹੋਵੇ, ਅਤੇ ਜਿਹਾ ਮੌਕਾ ਪੈਦਾ ਹੋਵੇ, ਇਹਨਾਂ ਨੂੰ ਵਿਅਕਤੀਗਤ ਤੌਰ ’ਤੇ ਵਧਾਇਆ ਜਾ ਸਕੇ। ਦੂਸਰੀ, ਸਕੋਟਿਸ਼ ਪਾਰਲੀਆਮੈਂਟ ਅਤੇ ਸਕੋਟਿਸ਼ ਗਵਰਨਮੈਂਟ ਦੇ ਵਰਤਮਾਨ ਅਧਿਕਾਰਾਂ ਵਿੱਚ ਵਿਸ਼ੇਸ਼ ਵਿਸਤਾਰਾਂ ਨੂੰ ਅਪਨਾ ਕੇ ਅਧਿਕਾਰਾਂ ਦੀ ਸਪੁਰਦਗੀ ਨੂੰ ਦੁਬਾਰਾ ਤਿਆਰ ਕਰਨਾ, ਜਿਸ ਵਿੱਚ ਸੰਭਾਵਿਤ ਤੌਰ ’ਤੇ ਆਰਥਿਕ ਸਵਾਧੀਨਤਾ ਸ਼ਾਮਲ ਹੋਵੇ, ਪਰ ਇਹ ਪੂਰੀ ਤਰ੍ਹਾਂ ਨਾਲ ਸੁਤੰਤਰਤਾ ਦੇ ਵੱਲ ਤਰੱਕੀ ਤੋਂ ਘੱਟ ਹੋਵੇ। ਤੀਸਰੀ, ਜਿਸਦਾ ਸਕੋਟਿਸ਼ ਗਵਰਨਮੈਂਟ ਪੱਖ ਲੈਂਦਾ ਹੈ, ਸਕੋਟਿਸ਼ ਪਾਰਲੀਆਮੈਂਟ ਅਤੇ ਸਕੋਟਿਸ਼ ਗਵਰਨਮੈਂਟ ਦੇ ਅਧਿਕਾਰਾਂ ਨੂੰ ਸੁਤੰਤਰਤਾ ਦੇ ਬਿੰਦੂ ਤਕ ਵਧਾਉਣਾ। ਇਸ ਪੱਤਰ ਵਿੱਚ ਇਹਨਾਂ ਸੰਭਾਵਨਾਵਾਂ ਬਾਰੇ ਵਧੇਰੇ ਵਿਸਤਾਰ ਨਾਲ ਦੱਸਿਆ ਗਿਆ ਹੈ।

ਸਕੋਟਲੈਂਡ ਦੇ ਭਵਿੱਖ ਬਾਰੇ ਰਾਸ਼ਟਰੀ ਵਾਰਤਾਲਾਪ ਦੀ ਵਿਸਤ੍ਰਿਤ ਲੜੀ ਵਿੱਚ ਇਹ ਪੱਤਰ ਪਹਿਲਾ ਕਦਮ ਹੈ। ਇਸ ਵਾਰਤਾਲਾਪ ਨਾਲ ਸਕੋਟਲੈਂਡ ਦੇ ਲੋਕਾਂ ਨੂੰ ਦੇਸ਼ ਦੇ ਭਵਿੱਖ ਲਈ ਸਾਰੇ ਵਿਕਲਪਾਂ ’ਤੇ ਵਿਚਾਰ ਕਰਨ ਅਤੇ ਜਾਣਕਾਰ ਫ਼ੈਸਲੇ ਲੈਣ ਵਿੱਚ ਸਹਾਇਤਾ ਮਿਲੇਗੀ। ਇਹ ਪੱਤਰ ਸਕੋਟਲੈਂਡ ਦੇ ਲੋਕਾਂ ਨੂੰ ਰਾਸ਼ਟਰੀ ਵਾਰਤਾਲਾਪ ਵਿੱਚ ਸ਼ਾਮਲ ਹੋਣ ਅਤੇ ਇਸ ਬਾਰੇ ਸੁਝਾਉ ਦੇਣ ਲਈ ਸੱਦਾ ਕਰਦਾ ਹੈ ਕਿ ਵੱਧ ਤੋਂ ਵੱਧ ਸੰਭਵ ਹਿੱਸੇਦਾਰੀ ਨੂੰ ਯਕੀਨੀ ਬਣਾਉਣ ਲਈ ਵਾਰਤਾਲਾਪ ਨੂੰ ਕਿਵੇਂ ਤਿਆਰ ਕੀਤਾ ਜਾਣਾ ਚਾਹੀਦਾ ਹੈ।